# ਪਬਲਿਕ ਨੋਟਿਸ

ਸ੍ਰੀ ਮਨਮੋਹਨ ਸਿੰਘ ਸੇਵਾਦਾਰ ਪੁੱਤਰ ਸ੍ਰੀ ਉਤਮ ਸਿੰਘ ਜੋ ਤਰਨ ਤਾਰਨ ਸਰਕਲ ਦਫਤਰ ਵਿਖੇ ਬਤੌਰ ਸੇਵਾਦਾਰ ਕੰਮ ਕਰਦਾ ਸੀ ਤਾਂ ਉਹ ਮਿਤੀ 21-10-11, 24-10-11, 2-11-11, 4-11-11 ਤੋਂ 11-11-11 ਅਤੇ 16-11-11 ਤੋਂ ਬਿਨਾਂ ਇਤਲਾਹ ਦਿੱਤੇ ਆਪਣੀ ਡਿਊਟੀ ਤੋਂ ਗੈਰ ਹਾਜਰ ਹੋ ਗਿਆ। ਇਸ ਬਾਰੇ ਇਸ ਦਫਤਰ ਵੱਲੋ ਪੱਤਰ ਨੰਬਰ 24267 ਮਿਤੀ 11-11-11, ਪੱਤਰ ਨੰਬਰ 24769 ਮਿਤੀ 17-11-11, ਪੱਤਰ ਨੰਬਰ 25389/90 ਮਿਤੀ 28-11-11 ਰਾਹੀ ਹਾਜ਼ਰ ਹੋਣ ਲਈ ਪੱਤਰ ਲਿਖੇ ਗਏ ਪ੍ਰੰਤੂ ਉਹ ਡਿਊਟੀ ਤੇ ਹਾਜ਼ਰ ਨਹੀ ਹੋਇਆ।

ਉਪਰੋਕਤ ਪੱਤਰ ਭੇਜਣ ਦੇ ਬਾਵਜੂਦ ਸ੍ਰੀ ਮਨਮੋਹਨ ਸਿੰਘ ਸੇਵਾਦਾਰ ਡਿਊਟੀ ਤੇ ਹਾਜ਼ਰ ਨਹੀ ਹੋਇਆ। ਕਰਮਚਾਰੀ ਨੂੰ ਇਸ ਦਫਤਰ ਵੱਲੋ ਦੋਸ਼ ਸੂਚੀ ਨੰਬਰ 767 ਮਿਤੀ 19-12-11 ਜਾਰੀ ਕੀਤੀ ਗਈ।

ਇਸ ਦਫਤਰ ਵੱਲੋਂ ਦਫਤਰੀ ਹੁਕਮ ਨੰਬਰ 15 ਮਿਤੀ 20-1-12 ਰਾਹੀ ਇੰਜੀ: ਬਾਲ ਕ੍ਰਿਸ਼ਨ ਵਧੀਕ ਨਿਗਰਾਨ ਇੰਜੀਨੀਅਰ ਤਕਨੀਕੀ ਹਲਕਾ ਤਰਨ ਤਾਰਨ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਕਰਮਚਾਰੀਆਂ ਦੇ ਸਜ਼ਾ ਅਤੇ ਅਪੀਲ ਰੈਗੂਲੇਸ਼ਨ 1971 ਦੀ ਧਾਰਾ 8 ਅਧੀਨ ਸ੍ਰੀ ਮਨਮੋਹਨ ਸਿੰਘ ਸੇਵਾਦਾਰ ਵਿਰੁੱਧ ਦੋਸ਼ ਸੂਚੀ ਨੰਬਰ 767 ਮਿਤੀ 19-12-11 ਦੀ ਪੜਤਾਲ ਕਰਨ ਲਈ ਬਤੌਰ ਪੜਤਾਲ ਅਫਸਰ ਨਿਯੁਕਤ ਕੀਤਾ ਗਿਆ ਸੀ। ਵਧੀਕ ਨਿਗਰਾਨ ਇੰਜੀਨੀਅਰ ਤਕਨੀਕੀ ਹਲਕਾ ਤਰਨ ਤਾਰਨ ਵੱਲੋਂ ਆਪਣੇ ਦਫਤਰ ਦੇ ਪੱਤਰ ਨੰਬਰ 18216 ਮਿਤੀ 13-7-12 ਰਾਹੀ ਪੜਤਾਲ ਰਿਪੋਰਟ ਇਸ ਦਫਤਰ ਨੂੰ ਭੇਜੀ। ਇਸ ਪੜਤਾਲ ਰਿਪੋਰਟ ਵਿਚ ਸ੍ਰੀ ਮਨਮੋਹਨ ਸਿੰਘ ਸੇਵਾਦਾਰ ਵਿਰੁੱਧ ਡਿਊਟੀ ਤੋਂ ਗੈਰ ਹਾਜਰ ਰਹਿਣ ਸੰਬਧੀ ਦੋਸ਼ ਸਾਬਤ ਪਾਏ ਗਏ।

ਸ੍ਰੀ ਮਨਮੋਹਨ ਸਿੰਘ ਸੇਵਾਦਾਰ ਨੂੰ ਜਾਰੀ ਹੋਈ ਦੋਸ਼ ਸੂਚੀ ਨੰ. 767 ਮਿਤੀ 19-12-11 ਦੇ ਸਬੰਧ ਵਿਚ ਇਨਕੁਆਰੀ ਅਫਸਰ ਵੱਲੋਂ ਕੀਤੀ ਇਨਕੁਆਰੀ ਰਿਪੋਰਟ ਦੀ ਕਾਪੀ ਇਸ ਦਫਤਰ ਦੇ ਪੱਤਰ ਨੰਬਰ 18357 ਮਿਤੀ 17-7-12 ਰਾਹੀ ਸ੍ਰੀ ਮਨਮੋਹਨ ਸਿੰਘ ਸੇਵਾਦਾਰ ਦੇ ਘਰ ਦੇ ਐਡਰੈਸ ਤੇ ਭੇਜੀ ਗਈ ਜੋ ਉਸਨੇ ਪ੍ਰਾਪਤ ਕਰ ਲਈ। ਇਸ ਦਫਤਰ ਦੇ ਪੱਤਰ 21680 ਮਿਤੀ 6-9-12 ਨੂੰ ਕਰਮਚਾਰੀ ਨੂੰ ਡਿਊਟੀ ਤੇ ਹਾਜ਼ਰ ਹੋਣ ਲਈ ਆਖਰੀ ਨੋਟਿਸ ਜਾਰੀ ਕੀਤਾ ਗਿਆ ਸੀ ਜੋ ਕਿ ਉਸਨੇ ਪ੍ਰਾਪਤ ਕਰ ਲਿਆ ਸੀ ਪ੍ਰੰਤੂ ਡਿਊਟੀ ਤੇ ਹਾਜ਼ਰ ਨਹੀ ਹੋਇਆ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸ੍ਰੀ ਮਨਮੋਹਨ ਸਿੰਘ ਸੇਵਾਦਾਰ ਨੂੰ ਇਸ ਪਬਲਿਕ ਨੋਟਿਸ ਰਾਹੀ ਡਿਊਟੀ ਤੇ ਹਾਜ਼ਰ ਹੋਣ ਅਤੇ ਨਿੱਜੀ ਸੁਣਵਾਈ ਲਈ ਮੌਕਾ ਦਿੱਤਾ ਜਾਂਦਾ ਹੈ। ਜੇਕਰ ਉਹ ਪ੍ਰਕਾਸ਼ਨਾ ਦੇ 30 ਦਿਨਾਂ ਦੇ ਅੰਦਰ ਅੰਦਰ ਡਿਊਟੀ ਤੇ ਹਾਜ਼ਰ ਨਾ ਹੋਇਆ ਤਾਂ ਮਹਿਕਮੇ ਦੀਆਂ ਹਦਾਇਤਾਂ ਅਨੁਸਾਰ ਉਸ ਦੀਆਂ ਸੇਵਾਵਾਂ ਖਤਮ ਕਰ ਦਿੱਤੀਆਂ ਜਾਣਗੀਆਂ।

ਉਪ ਮੁੱਖ ਇੰਜੀ: ਸੰਚਾਲਣ,
ਤਰਨ ਤਾਰਨ ਹਲਕਾ